**Exam. Code : 121201**
**Subject Code : 502090**

## B.A./B.Sc. 1st Semester (Batch 2025-28/29) (CBGS)

## PUNJABI (Compulsory)–I

Time Allowed—3 Hours] [Maximum Marks—100

**ਨੋਟ :—** ਹਰੇਕ ਭਾਗ ਵਿੱਚੋਂ ਘੱਟ-ਘੱਟ **ਇੱਕ** ਪ੍ਰਸ਼ਨ ਦੀ ਚੋਣ ਕਰਦੇ ਹੋਏ, ਕੁੱਲ **ਪੰਜ** ਪ੍ਰਸ਼ਨ ਕਰੋ। ਪੰਜਵੀ ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

### ਭਾਗ—ੳ

1. ਡਾ. ਹਰਿਭਜਨ ਸਿੰਘ ਦੇ ਜੀਵਨ ਤੇ ਰਚਨਾ ਬਾਰੇ ਚਰਚਾ ਕਰੋ।
2. 'ਵਿਛਾਬਲ ਤੇ ਡੂੰਘੀਆਂ ਸ਼ਾਮਾਂ' ਕਵਿਤਾ ਦਾ ਵਿਸ਼ਾ-ਵਸਤੂ ਲਿਖੋ।

### ਭਾਗ—ਅ

3. 'ਅੰਮ੍ਰਿਤਾ ਸ਼ੇਰਗਿੱਲ' ਸੰਬੰਧੀ ਲੇਖ ਵਿਚਲੇ ਨਾਇਕ ਬਿੰਬ ਨੂੰ ਆਪਣੇ ਸ਼ਬਦਾਂ ਵਿਚ ਲਿਖੋ।
4. 'ਪ੍ਰਿਥਵੀ ਰਾਜ ਕਪੂਰ' ਲੇਖ ਦਾ ਸਾਰ ਆਪਣੇ ਸ਼ਬਦਾਂ ਵਿਚ ਬਿਆਨ ਕਰੋ।

### ਭਾਗ—ੲ

5. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** 'ਤੇ ਪੈਰਾ ਰਚਨਾ ਕਰੋ :
   1. ਭਾਰਤੀ ਜਾਤ-ਪਾਤੀ ਪ੍ਰਬੰਧ
   2. ਮਾਤ-ਭਾਸ਼ਾ
   3. ਆਧੁਨਿਕ ਸੰਚਾਰ ਮਾਧਿਅਮਾਂ ਦੀ ਭਰੋਸੇਯੋਗਤਾ।

Gndupapers.com

6. ਹੇਠ ਲਿਖਿਆ ਪੈਰ੍ਹਾ ਪੜ੍ਹ ਕੇ ਅਗੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ

Gndupapers.com

ਮਨੁੱਖ ਨੇ 'ਜਨ' ਵੀ ਤਰੱਕੀ ਕੀਤੀ ਹੈ ਉਹ ਆਪਸ਼ੀ ਵਿਚਾਰਾਂ ਦਾ ਵਿਰਵੇ ਦੇ ਟਰਹੀਂ ਤੋਂ ਕੀਤੀ ਹੈ। ਦੋ ਅਲੱਗ ਅਲੱਗ ਤਰ੍ਹਾਂ ਦੇ ਵਿਚਾਰਾਂ ਦੇ ਖੇਡ 'ਚੋਂ ਠੀਕ ਵਿਚਾਰ ਨਿਖਰ ਕੇ ਸਾਹਮਣੇ ਆਉਂਦਾ ਹੈ। ਅਸੀਂ ਆਮ ਜੀਵਨ ਵਿੱਚ ਅਕਸ਼ਰ ਇਟ ਦੇਖਦੇ ਹਾਂ ਕਿ ਸੱਚ-ਝੂਠ, ਹਨੇਰਾ-ਚਾਨਣ, ਚੰਗਿਆਈ-ਬੁਰਾਈ ਇੱਕ ਦੂਜੇ ਦੇ ਵਿਰੋਧੀ ਹਨ ਤੇ ਇਹਨਾਂ ਵਿੱਚ ਟਕਰਾਅ ਲਗਾਤਾਰ ਚਲਦਾ ਰਹਿੰਦਾ ਹੈ। ਇਸੇ ਤਰ੍ਹਾਂ ਮਨੁੱਖ ਆਪਣੇ ਜੀਵਨ ਵਿੱਚ ਦੋ ਢੰਗਾਂ ਨਾਲ ਵਿਚਰਦੇ ਹਨ। ਇੱਕ ਉਹ ਜੋ ਕਿਸ਼ੇ ਵੀ ਗੱਲ ਤੇ ਸੋਚ ਸਮਝ ਕੇ ਯਕੀਨ ਕਰਦੇ ਹਨ। ਅਜਿਹੇ ਲੋਕਾਂ ਨੂੰ ਅਸੀਂ ਵਿਗਿਆਨ ਸੋਚ ਦੇ ਧਾਰਨੀ ਕਹਿ ਸਕਦੇ ਹਾਂ। ਦੂਜੀ ਕਿਸ਼ਮ ਦੇ ਲੋਕ ਉਹ ਹਨ ਜਿਹੜੇ ਬਿਨਾਂ ਸੋਚ ਅਤੇ ਵਿਚਾਰ ਕੀਤਿਆਂ ਕਿਸੇ ਗੱਲ ਨੂੰ ਦੂਜਿਆਂ ਦੀ ਰੀਸ਼ੋ ਰੀਸ਼ੀ ਜਾਂ ਕਿਸ਼ੇ ਦੇ ਪਰ੍ਹਭਾਵ ਥੱਲੇ ਆ ਕੇ ਬਿਨਾਂ ਵਿਚਾਰ ਕੀਤੀਆਂ ਮਨ ਲੈਂਦੇ ਹਨ ਅਤੇ ਆਪਣੇ ਜੀਵਨ ਵਿੱਚ ਲਾਗੂ ਕਰ ਲੈਂਦੇ ਹਨ। ਅਜਿਹੇ ਲੋਕਾਂ ਨੂੰ ਅਸੀਂ ਅੰਧ-ਵਿਸ਼ਵਾਸੀ ਕਹਿ ਸਕਦੇ ਹਨ। ਅੰਧ ਵਿਸ਼ਵਾਸ਼ੀ ਕਦੇ ਵੀ ਕਿਸ਼ੇ ਨਵੇਂ ਵਿਚਾਰ ਨੂੰ ਅਪਨਾਉਣ ਲਈ ਪਹਿਲ ਨਹੀ ਕਰਦੇ। ਜਿਹਨਾਂ ਗੱਲਾਂ ਨੂ ਉਹ ਬਚਪਨ ਤੋਂ ਸੁਣਦੇ ਆਏ ਹੁੰਦੇ ਹਨ ਉਹਨਾਂ ਦੇ ਸੁਤੇ-ਸਿੱਧ ਹੀ ਮਗਰ ਲੱਗ ਜਾਂਦੇ ਹਨ ਅਤੇ ਆਪਣੇ ਦਿਮਾਗ ਦੀ ਵਰਤੋਂ ਕਰਨ ਵਿੱਚ ਉਹਨਾਂ ਦਾ ਹੱਥ ਕੁੱਝ ਤੰਗ ਹੀ ਹੁੰਦਾ ਹੈ। ਉਹ ਢੋਂਗੀਆਂ ਅਤੇ ਸਾਧਾ ਸ਼ਦਾ ਦੇ ਮਗਰ ਲੱਗ ਕੇ ਆਪਣਾ ਖੂੰਗਾ ਚੋੜ ਕਰਵਾ ਬਹਿੰਦੇ ਹਨ। ਇਸ ਤੋਂ ਕੁੱਝ ਸਿੱਖਣ ਦੀ ਥਾਂ ਉਹ ਇਸ ਨੂੰ ਰੱਬ ਦਾ ਭਾਣਾ ਜਾਂ ਆਪਣੀ ਕਿਸ਼ਮਤ ਦਾ ਕਸੂਰ ਮੰਨ ਲੈਂਦੇ ਹਨ। ਪਖੰਡੀਆਂ ਦਾ ਦਾਲ ਫੂਲਕਾ ਅਜਿਹੇ ਲੋਕਾਂ ਦੇ ਸਿਰ ਤੇ ਹੀ ਚਲਦਾ ਹੈ। ਪਖੰਡੀ ਲੋਕ ਨਿੱਤ ਨਵੇਂ ਨਵੇਂ ਢੰਗ ਵਰਤ ਕੇ ਅੰਧ-ਵਿਸ਼ਵਾਸੀ ਲੋਕਾਂ ਨੂੰ ਮੂਰਖ ਬਣਾ ਕੇ ਉਹਨਾਂ ਦੀ ਲੁੱਟ ਕਰਦੇ ਹਨ। ਪਰਖ ਅਤੇ ਪੜਤਾਲ ਵਿਗਿਆਨ ਦਾ ਧੁਰਾ ਹਨ ਇਸ਼ ਲਈ ਪਰਖ ਤੇ ਪੜਤਾਲ ਕਰਨ ਬਾਅਦ ਹੀ ਕਿਸੇ ਵਿਚਾਰ ਨੂੰ ਅਪਣਾਉਣਾ ਹੀ ਵਿਗਿਆਨਕ ਸੋਚ ਦਾ ਧਾਰਨੀ

ਹੋਣਾ ਹੈ। ਮਨੁੱਖ ਦੁਆਰਾ ਅਜੇ ਆਖਰੀ ਸੱਚ ਲਈ ਖੋਜ ਜਾਰੀ ਹੈ। ਇਸ ਲਈ ਸੱਚ ਤੱਕ ਪਹੁੰਚਣ ਲਈ ਨਵੇਂ ਵਿਚਾਰਾਂ ਨੂੰ ਪੜਤਾਲ ਤੋਂ ਬਾਦ ਜੇ ਜਚ ਜਾਣ ਤਾਂ ਅਪਣਾਅ ਲੈਣਾ ਜਰੂਰੀ ਹੈ। ਸਮੇਂ ਦੇ ਹਾਣ ਦਾ ਬਣਨ ਲਈ ਮਨੁੱਖਤਾ ਪ੍ਰੇਮੀ ਨਵੀਨ ਵਿਚਾਰਧਾਰਾ ਨੂੰ ਗ੍ਰਹਿਣ ਕਰਨ ਹੋਰ ਵੀ ਜਰੂਰੀ ਹੈ।

1. ਪੈਰ੍ਹੇ ਦਾ ਢੁੱਕਵਾਂ ਸਿਰਲੇਖ ਕੀ ਹੋ ਸਕਦਾ ਹੈ ?
2. ਮਨੁੱਖੀ ਦਾ ਕੀ ਰਾਜ ਹੈ ?
3. ਵਿਗਿਆਨਿਕ ਸੱਚ ਦੇ ਧਾਰਨੀ ਅਤੇ ਅੰਧ-ਵਿਸ਼ਵਾਸੀ ਬੰਦੇ ਵਿਚ ਕੀ ਅੰਤਰ ਹੁੰਦਾ ਹੈ ?
4. ਪਖੰਡੀ ਲੋਕਾਂ ਤੋਂ ਬਚਣ ਲਈ ਕੀ ਕਰਨਾ ਚਾਹੀਦਾ ਹੈ ?
5. ਮਨੁੱਖ ਕਿਸ ਪ੍ਰਕਾਰ ਦੇ ਵੱਗਾਂ ਨਾਲ ਜੀਵਨ ਬਤੀਤ ਕਰਦਾ ਹੈ ?

## ਭਾਗ—ਸ

7. ਭਾਸ਼ਾ ਤੇ ਉਪ-ਭਾਸ਼ਾ ਦੇ ਅੰਤਰ-ਸੰਬੰਧਾਂ ਦੀ ਜਾਣਕਾਰੀ ਦਿੰਦੇ ਹੋਏ, ਪੰਜਾਬੀ ਦੀਆਂ ਉਪਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਬਾਰੇ ਜਾਣ-ਪਹਿਚਾਣ ਕਰਵਾਓ।

8. ਪੰਜਾਬੀ ਭਾਸ਼ਾ ਦੀ ਦੂਜੀ ਭਾਸ਼ਾ ਵਜੋਂ ਅਧਿਆਪਨ ਦੀ ਸਮਕਾਲੀ ਸਥਿਤੀ ਬਾਰੇ ਚਾਨਣਾ ਪਾਉਂਦੇ ਹੋਏ, ਇਸਦੀਆਂ ਚੁਣੌਤੀਆਂ ਬਾਰੇ ਚਰਚਾ ਕਰੋ।

Gndupapers.com